# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

## ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 10:- ਚੰਡੀਗੜ੍ਹ ਦੇ ਜਿਲ੍ਹਾ ਮੈਜੀਸਟ੍ਰੇਟ ਸ਼੍ਰੀ ਬਰਜਿੰਦਰ ਸਿੰਘ ਨੇ ਨਿਯੁਕਤੀਕਾਰਾਂ ਅਤੇ ਹੋਰ ਸ਼ਹਿਰਵਾਸੀਆਂ ਨੂੰ ਮਾਮੂਲੀ ਕੰਮਾਂ ਦੇ ਲਈ ਠੇਕੇ ਦੇ ਆਧਾਰ ਤੇ ਦੈਨਿਕ ਮਜ਼ਦੂਰੀ ਤੇ ਰੱਖੇ ਜਾਣ ਵਾਲੇ ਕਰਮਚਾਰੀਆਂ ਦਾ ਬਿਊਰਾ ਸੰਬੰਧਿਤ ਥਾਣੇ ਵਿਚ ਜਮ੍ਹਾ ਕਰਾਉਣ ਦਾ ਨਿਰਦੇਸ਼ ਦਿੱਤਾ ਹੈ।

ਆਦੇਸ਼ ਉਹਨਾ ਅਪਰਾਧੀਆਂ ਅਤੇ ਸਮਾਜ਼ ਵਿਰੋਧੀ ਤੱਤਾਂ ਤੇ ਲਗਾਮ ਲਗਾਉਣ ਦੇ ਲਈ ਜਾਰੀ ਕੀਤਾ ਗਿਆ ਹੈ ਜੋ ਰਿਕਸ਼ਾ, ਰੇਹੜੀ ਅਤੇ ਆਟੋਰਿਕਸ਼ਾ ਚਲਾਉਣ ਅਤੇ ਧੋਬੀ, ਮੋਚੀ ਵਰਗੇ ਕੰਮਾਂ ਅਤੇ ਸੇਵਾਵਾਂ ਵਿਚ ਲੱਗੇ ਰਹਿੰਦੇ ਹਨ। ਵਾਸਤਵ ਵਿਚ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਖੁਦ ਨੂੰ ਸ਼ਾਮਿਲ ਕਰ ਕੇ ਉਹ ਆਪਣੀ ਪਹਿਚਾਣ ਛੁਪਾਉਣ ਵਿਚ ਸਫਲ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਨਾਲ ਸਮਾਜਿਕ ਸ਼ਾਂਤੀ ਦੇ ਲਈ ਖਤਰਾ ਪੈਦਾ ਕਰ ਸਕਦੇ ਹਨ।

ਜਿਲ੍ਹਾ ਪ੍ਰਸ਼ਾਸਨ ਨੇ ਸਾਫ ਕੀਤਾ ਹੈ ਕਿ ਆਦੇਸ਼ਾਂ ਦਾ ਪਾਲਨ ਨਾ ਕਰਨ ਵਾਲੇ ਲੋਕਾਂ ਨੂੰ ਭਾਰਤੀ ਦੰਡ ਸੰਹਿਤਾ ਦੀ ਧਾਰਾ 188 ਦੇ ਤਹਿਤ ਦੰਡ ਦਿੱਤਾ ਜਾਵੇਗਾ। ਆਦੇਸ਼ ਹੁਣ ਤੋਂ ਹੀ ਲਾਗੂ ਹੋਵੇਗਾ ਅਤੇ 9 ਮਈ, 2010 ਤੱਕ ਪ੍ਰਭਾਵੀ ਰਹੇਗਾ।